**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**(ਸਿੱਖਿਆ-6 ਸ਼ਾਖਾ)**

**ਨੋਟੀਫਿਕੇਸ਼ਨ**

**ਨੰ:11/35/18-1ਸਿ6/1575695** **ਮਿਤੀ:16.09.2019**

ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 02 ਜਨਵਰੀ 2019 ਦੀ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਪੰਜਾਬ ਰਾਜ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਲੋੜੀਂਦੇ ਅਧਿਆਪਕ ਮੁਹੱਈਆ ਕਰਵਾਉਣ ਦੇ ਮੰਤਵ ਨੂੰ ਮੁੱਖ ਰੱਖਦੇ ਹੋਏ ਅਧਿਆਪਕਾਂ ਦੀ ਤਾਇਨਾਤੀ ਨੂੰ ਤਰਕਸੰਗਤ ਬਣਾਉਣ ਲਈ ਰੈਸ਼ਨੇਲਾਈਜ਼ੇਸ਼ਨ ਨੀਤੀ ਹੇਠਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ:

**ਵਿਸ਼ਾ: ਪ੍ਰਾਇਮਰੀ ਸਕੂਲਾਂ ਲਈ ਰੈਸ਼ਨੇਲਾਈਜ਼ੇਸ਼ਨ ਪਾਲਿਸੀ 2019 ਸਬੰਧੀ ।**

1. ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਰੈਸ਼ਨੇਲਾਈਜ਼ੇਸ਼ਨ ਕਰਦੇ ਸਮੇਂ ਸਕੂਲ ਵਿੱਚ ਹਰ ਸਾਲ 31 ਅਗਸਤ ਨੂੰ ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨਿਆ ਜਾਵੇਗਾ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਵੱਲੋਂ ਨਿਯਮਾਂ ਅਤੇ ਹਦਾਇਤਾਂ ਅਨੁਸਾਰ ਸਕੂਲ-ਵਾਈਜ਼ ਆਸਾਮੀਆਂ ਦੀ ਮਨਜ਼ੂਰੀ/ ਸੈਂਕਸ਼ਨ ਜਾਰੀ ਕੀਤੀ ਜਾਵੇਗੀ ।

2. ਰੈਸ਼ਨੇਲਾਈਜ਼ੇਸ਼ਨ ਕਰਦੇ ਸਮੇਂ ਜੇਕਰ ਕਿਸੇ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 51 ਤੋਂ ਘੱਟ ਹੈ ਅਤੇ ਸਕੂਲ ਵਿੱਚ ਹੈੱਡ ਟੀਚਰ ਦੀ ਆਸਾਮੀ ਭਰੀ ਹੋਈ ਹੈ, ਤਾਂ ਹੈੱਡ ਟੀਚਰ ਨੂੰ ਆਸਾਮੀ ਸਮੇਤ ਉਸ ਸਕੂਲ ਵਿੱਚ ਸ਼ਿਫਟ ਕਰ ਦਿੱਤਾ ਜਾਵੇਗਾ ਜਿਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 51 ਜਾਂ ਇਸ ਤੋਂ ਵੱਧ ਹੈ।ਹੈੱਡ ਟੀਚਰ ਨੂੰ ਉਸ ਸਕੂਲ ਵਿੱਚ ਸ਼ਿਫਟ ਕਰ ਦਿੱਤਾ ਜਾਵੇਗਾ ਜਿੱਥੇ ਬੱਚਿਆਂ ਦੀ ਗਿਣਤੀ ਅਨੁਸਾਰ ਹੈੱਡ ਟੀਚਰ ਦੀ ਆਸਾਮੀ ਮਨਜ਼ੂਰ-ਸ਼ੁਦਾ ਅਤੇ ਖਾਲੀ ਹੋਵੇ ਅਤੇ ਉਸ ਦੀ ਆਸਾਮੀ ਨੂੰ ਉਸ ਸਕੂਲ ਵਿੱਚ ਸ਼ਿਫਟ ਕਰ ਦਿੱਤਾ ਜਾਵੇਗਾ ਜਿੱਥੇ ਬੱਚਿਆਂ ਦੀ ਗਿਣਤੀ ਅਨੁਸਾਰ ਹੈੱਡ ਟੀਚਰ ਦੀ ਆਸਾਮੀ ਦੇਣੀ ਬਣਦੀ ਹੈ। ਰੈਸ਼ਨੇਲਾਇਜੇਸ਼ਨ ਕਰਦੇ ਸਮੇਂ ਕਿਸੇ ਜਿਲੇ ਵਿੱਚ ਹੈਡ ਟੀਚਰ ਦੀ ਅਸਾਮੀ ਉਸ ਜਿਲੇ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੇ ਘੱਟਦੇ ਕ੍ਰਮ ਅਨੁਸਾਰ ਸਕੂਲਾਂ ਵਿੱਚ ਦਿੱਤੀ ਜਾਵੇਗੀ। ਹੈਡ ਟੀਚਰ ਦੀ ਅਸਾਮੀ ਨੂੰ ਜਿਲੇ ਤੋਂ ਬਾਹਰ ਸ਼ਿਫਟ ਨਹੀਂ ਕੀਤਾ ਜਾਵੇਗਾ, ਜੇਕਰ 51 ਜਾਂ ਉਸ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ ਵਾਲੇ ਸਕੂਲਾਂ ਵਿੱਚ ਹੈਡ ਟੀਚਰ ਦੀ ਅਸਾਮੀ ਦੇਣ ਤੋਂ ਬਾਅਦ ਵੀ ਅਸਾਮੀਆਂ ਬਚਦੀਆਂ ਹਨ ਤਾਂ ਵਿਦਿਆਰਥੀਆਂ ਦੀ ਗਿਣਤੀ ਦੇ ਘੱਟਦੇ ਕ੍ਰਮ ਅਨੁਸਾਰ ਸਕੂਲਾਂ ਨੂੰ ਹੈਡ ਟੀਚਰ ਦੀਆਂ ਅਸਾਮੀਆਂ ਦਿੱਤੀਆਂ ਜਾਣਗੀਆਂ।

3. ਜਿਨ੍ਹਾਂ ਸਕੂਲਾਂ ਵਿੱਚ ਸੀ.ਐਚ.ਟੀ ਕੰਮ ਕਰ ਰਹੇ ਹਨ ਅਤੇ ਉਹ ਇੱਕ ਅਧਿਆਪਕ ਦੇ ਤੌਰ 'ਤੇ ਪੜ੍ਹਾ ਰਹੇ ਹਨ ਅਤੇ ਜੇਕਰ ਉਸ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਅਨੁਸਾਰ ਕੋਈ ਆਸਾਮੀ ਸਰਪਲੱਸ ਬਣਦੀ ਹੈ ਤਾਂ ਸੀ ਐੱਚ ਟੀ ਨੂੰ ਸ਼ਿਫ਼ਟ ਨਾ ਕਰਦੇ ਹੋਏ ਇਸ ਨੀਤੀ ਦੀ ਹੇਠ ਲਿਖੀ ਮੱਦ ਨੰ 4 ਅਨੁਸਾਰ ਲੰਮੀ ਠਹਿਰ ਵਾਲੇ ਈ ਟੀ ਟੀ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ।

4. ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨ ਕੇ ਜੇਕਰ ਸਕੂਲ ਵਿੱਚ ਭਰੀ ਆਸਾਮੀ ਵਾਧੂ/ ਸਰਪਲੱਸ ਹੈ ਤਾਂ ਸਕੂਲ ਵਿੱਚ ਜੇਕਰ ਸਸਅ ਅਧੀਨ ਕੋਈ ਅਧਿਆਪਕ ਕੰਮ ਕਰ ਰਹੇ ਹਨ ਤਾਂ ਪਹਿਲਾਂ ਸਸਅ ਅਧੀਨ ਕੰਮ ਕਰ ਰਹੇ ਲੰਮੀ ਠਹਿਰ ਵਾਲੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ। ਜੇਕਰ ਸਕੂਲ ਵਿੱਚ ਅਧਿਆਪਕ ਦੀ ਕੋਈ ਅਸਾਮੀ ਸਰਪਲਸ ਹੈ ਅਤੇ ਕੋਈ ਕਰਮਚਾਰੀ ਆਪਣੀ ਮਰਜ਼ੀ ਅਨੁਸਾਰ ਸ਼ਿਫ਼ਟ ਹੋਣਾ ਚਾਹੁੰਦਾ ਹੈ ਤਾਂ ਉਸ ਤੋਂ ਇਸ ਸਬੰਧੀ ਲਿਖਤੀ ਤੌਰ 'ਤੇ ਲਿਆ ਜਾਵੇਗਾ। ਜੇਕਰ ਸਕੂਲ ਵਿੱਚ ਕੋਈ ਸਸਅ ਅਧੀਨ ਕੰਮ ਕਰਦਾ ਕੋਈ ਅਧਿਆਪਕ ਨਹੀਂ ਹੈ ਤਾਂ ਲੰਮੀ ਠਹਿਰ ਵਾਲੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ। ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸਕੂਲ ਵਿੱਚ ਲੋੜੀਦੀਆਂ ਅਸਾਮੀਆਂ ਦੀ ਪ੍ਰਵਾਨਗੀ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ ਵੱਲੋਂ ਦਿੱਤੀ ਜਾਵੇਗੀ।

Scanned by CamScanner

5. ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪ੍ਰੀ-ਪ੍ਰਇਮਰੀ ਕਲਾਸਾਂ ਲਈ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰ ਤੈਨਾਤ ਕੀਤੇ ਜਾਣਗੇ। ਜੇਕਰ ਕਿਸੇ ਸਕੂਲ ਵਿੱਚ ਪ੍ਰੀ-ਪ੍ਰਇਮਰੀ ਸੈਕਸ਼ਨ ਲਈ ਵਾਧੂ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰ ਦੀ ਲੋੜ ਹੋਵੇ ਅਤੇ ਸਕੂਲ ਵਿੱਚ ਈ.ਟੀ.ਟੀ ਅਧਿਆਪਕ ਸਰਪਲਸ ਹੋਵੇ ਤਾਂ ਉਸ ਪ੍ਰੀ-ਪ੍ਰਇਮਰੀ ਸੈਕਸ਼ਨ ਦੀ ਅਸਾਮੀ ਤੇ ਈ.ਟੀ.ਟੀ ਅਧਿਆਪਕ ਨੂੰ ਤੈਨਾਤ ਕੀਤਾ ਜਾ ਸਕਦਾ ਹੈ।

6. ਜੇਕਰ ਸਕੂਲ ਵਿੱਚ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰ ਲੋੜ ਅਨੁਸਾਰ ਸਕੂਲ ਵਿੱਚ ਪੂਰੇ ਹਨ ਤਾਂ ਈ.ਟੀ.ਟੀ ਅਧਿਆਪਕ ਦੀ ਅਸਾਮੀ ਵਾਧੂ ਹੈ ਤਾਂ ਈ.ਟੀ.ਟੀ ਅਧਿਆਪਕ ਦੀ ਅਸਾਮੀ ਪਾਲਿਸੀ ਅਨੁਸਾਰ ਸ਼ਿਫਟ ਕੀਤੀ ਜਾਵੇਗੀ ਅਤੇ ਲੰਮੀ ਠਹਿਰ ਵਾਲਾ ਅਧਿਆਪਕ ਸ਼ਿਫਟ ਕੀਤਾ ਜਾਵੇਗਾ। ਜੇਕਰ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰ ਲੋੜ ਨਾਲੋਂ ਵੱਧ ਹਨ ਤਾਂ ਪਾਲਿਸੀ ਅਨੁਸਾਰ ਲੰਮੀ ਠਹਿਰ ਵਾਲੇ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰ ਨੂੰ ਲੋੜਵੰਦ ਸਕੂਲ ਵਿਖੇ ਸ਼ਿਫਟ ਕੀਤਾ ਜਾਵੇਗਾ।

7. ਜੇਕਰ ਕਰਮਚਾਰੀ ਕੈਂਸਰ ਦੀ ਬਿਮਾਰੀ ਜਾਂ ਗੁਰਦਾ ਰੋਗ ( ਜੋ ਕਿ ਲਗਾਤਾਰ ਡਾਇਲਸਿਸ 'ਤੇ ਹੋਵੇ) ਤੋਂ ਪੀੜਤ ਹੈ, ਤਾਂ ਉਸਨੂੰ ਸ਼ਿਫ਼ਟ ਨਾ ਕੀਤਾ ਜਾਵੇ ਅਤੇ ਇਹਨਾਂ ਅਧਿਆਪਕਾਂ ਦੀ ਥਾਂ 'ਤੇ ਅਗਲੀ ਲੰਮੀ ਠਹਿਰ ਵਾਲੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ।ਅਜਿਹੇ ਕੇਸਾਂ ਵਿੱਚ ਬਿਮਾਰੀ ਸਬੰਧੀ ਪ੍ਰਮਾਣ ਪੱਤਰ ਘੱਟੋ- ਘੱਟ ਸਿਵਲ ਸਰਜਨ/ ਸਮਰੱਥ ਅਥਾਰਿਟੀ/ ਸੰਸਥਾ ਤੋਂ ਜਾਰੀ ਹੋਇਆ ਹੋਵੇ।

8. ਸਕੂਲ ਵਿੱਚ ਖਾਲੀ ਵਾਧੂ ਆਸਾਮੀ ਨੂੰ ਲੋੜਵੰਦ ਸਕੂਲ ਵਿੱਚ ਅਤੇ ਲੀਅਨ ਨੂੰ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਵਿੱਚ ਸ਼ਿਫਟ ਕੀਤਾ ਜਾਵੇਗਾ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਇਸ ਦੀ ਰਿਪੋਰਟ ਤੁਰੰਤ ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਨੂੰ ਭੇਜੇਗਾ।ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਵੱਲੋਂ ਹਰ ਮਹੀਨੇ ਅਸਾਮੀਆਂ ਦੀ ਪੜਚੋਲ ਕੀਤੀ ਜਾਵੇਗੀ।

9. ਅਧਿਆਪਕਾਂ ਦੀ ਤਬਾਦਲਾ ਨੀਤੀ ਅਨੁਸਾਰ ਸਕੂਲਾਂ ਵਿੱਚ ਅਸਾਮੀਆਂ ਦੀ ਰੈਸ਼ਨੇਲਾਇਜੇਸ਼ਨ ਹਰ ਸਾਲ 1 ਦਸੰਬਰ ਤੋਂ 31 ਦਸੰਬਰ ਤੱਕ ਕੀਤੀ ਜਾਵੇਗੀ।

10. ਜੇਕਰ ਕੋਈ ਨੁਕਤਾ ਇਸ ਪਾਲਿਸੀ ਵਿੱਚ ਸ਼ਾਮਿਲ ਨਹੀਂ ਤਾਂ ਉਸ ਤੇ ਫੈਸਲਾ ਸਰਕਾਰ ਪੱਧਰ ਤੇ ਕੀਤਾ ਜਾਵੇਗਾ।

ਕ੍ਰਿਸ਼ਨ ਕੁਮਾਰ
ਸਕੱਤਰ ਸਕੂਲ ਸਿੱਖਿਆ

ਪਿ.ਅੰ.ਪੱ.ਨੰ:11/35/18-1ਸਿ6/1575695/1 ਮਿਤੀ, ਚੰਡੀਗੜ੍ਹ:16.09.2019

ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ,ਪੰਜਾਬ ਨੂੰ ਭੇਜਕੇ ਲਿੱਖਿਆ ਜਾਂਦਾ ਹੈ ਕਿ ਇਹ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਸਾਧਾਰਣ ਗਜਟ ਵਿੱਚ ਛਪਵਾਉਣ ਉਪਰੰਤ ਇਸ ਦੀਆਂ 20 ਕਾਪੀਆਂ ਵਿਭਾਗ ਨੂੰ ਭੇਜੀਆਂ ਜਾਣ।

ਅਧੀਨ ਸਕੱਤਰ ਸਕੂਲ ਸਿੱਖਿਆ

ਪਿ.ਅੰ.ਪੱ.ਨੰ:11/35/18-1ਸਿ6/1575695/2 ਮਿਤੀ, ਚੰਡੀਗੜ੍ਹ:16.09.2019

ਉਤਾਰਾ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਸ਼ਾਖਾ) ਨੂੰ ਉਹਨਾਂ ਦੇ ਅੰ.ਵਿ.ਪੱ.ਨੰ:**01/6/2019-1Cabinet/83**, ਮਿਤੀ:03.01.2019 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਸਕੂਲ ਸਿੱਖਿਆ



Scanned by CamScanner

ਪਿ.ਅੰ.ਪੱ.ਨੰ:11/35/18-1ਸਿ6/1575695/3 ਮਿਤੀ, ਚੰਡੀਗੜ੍ਹ:16.09.2019

ਉਤਾਰਾ ਸੁਪਰਡੰਟ, ਪ੍ਰਸੋਨਲ ਵਿਭਾਗ (ਪੀ.ਪੀ.2 ਸ਼ਾਖਾ) ਨੂੰ ਉਹਨਾਂ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਸਕੂਲ ਸਿੱਖਿਆ

ਪਿ.ਅੰ.ਪੱ.ਨੰ:11/35/2018-1ਸਿ6/1575695/4-8 ਮਿਤੀ, ਚੰਡੀਗੜ੍ਹ:16.09.2019

ਉਤਾਰਾ ਹੇਠ ਲਿੱਖਿਆ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ,
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ,
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ,
4. ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ,
5. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਅਧੀਨ ਸਕੱਤਰ ਸਕੂਲ ਸਿੱਖਿਆ

Scanned by CamScanner